SED-EDU7013/38/2023-3EDU7

ਪੰਜਾਬ ਸਰਕਾਰ
ਸਿੱਖਿਆ ਵਿਭਾਗ
ਸਿੱਖਿਆ-7 ਸ਼ਾਖਾ

**ਦਫਤਰੀ ਹੁਕਮ**

**ਨੰਬਰ: I/1075256/2025** **ਮਿਤੀ, ਚੰਡੀਗੜ੍ਹ: 11.04.2025**

ਸਕੂਲ ਸਿੱਖਿਆ ਵਿਭਾਗ (ਐਲੀਮੈਂਟਰੀ) ਵਿੱਚ ਕੰਮ ਕਰਦੇ ਹੇਠ ਦਰਸਾਏ ਸੈਂਟਰ ਹੈਡ ਅਧਿਆਪਕਾਂ ਨੂੰ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੱਤਰ **File No. SED-EDU7013/38/2023-3EDU7/I/1057676/2025** ਮਿਤੀ 19.03.2025 ਰਾਂਹੀ ਪਦ ਉਨੱਤ ਕੀਤਾ ਗਿਆ ਸੀ। ਉਕਤ ਹੁਕਮ ਦੀ ਲਗਾਤਾਰਤਾ ਵਿੱਚ ਸ੍ਰੀ ਮੇਜਰ ਸਿੰਘ ਜੋ ਕਿ ਰਾਜ ਪੱਧਰ ਤੇ ਜਾਰੀ ਕੀਤੀ ਗਈ ਸੀਨੀਅਰਤਾ ਸੂਚੀ ਵਿੱਚ ਲੜੀ ਨੰਬਰ 289 ਤੇ ਦਰਜ ਹੈ ਅਤੇ ਉਸ ਵੱਲੋਂ ਮਿਤੀ 12.05.2022 ਨੂੰ ਜਾਰੀ ਹੁਕਮਾ ਵਿੱਚ ਪੱਦ ਉਨੱਤੀ ਨਾ ਲੈਣ ਕਾਰਨ ਦੋ ਸਾਲ ਲਈ ਡੀ ਬਾਰ ਕਰ ਦਿੱਤਾ ਗਿਆ ਸੀ। ਕਰਮਚਾਰੀ ਦਾ 2 ਸਾਲ ਦਾ ਡੀ ਬਾਰ ਦਾ ਸਮਾਂ ਪੂਰਾ ਹੋਣ ਕਾਰਨ ਉਸ ਨੂੰ ਸੈਂਟਰ ਹੈਡ ਅਧਿਆਪਕ ਤੋਂ ਬਤੌਰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵਜੋਂ ਵਿਚਾਰਦੇ ਹੋਏ ਹੇਠ ਅਨੁਸਾਰ ਪੱਦ ਉਨੱਤ ਕੀਤਾ ਜਾਂਦਾ ਹੈ।

| Sr. No. | Staff ID | Employee Name | Date of Birth (DD-MM-YYYY) | Final Seniority No. (State) |
|---|---|---|---|---|
| 1. | 251822779 | Major Singh | 15.11.1972 | 289 |

**ਸ਼ਰਤਾ**

1. ਇਹ ਹੁਕਮ ਤੱਤਕਾਲ ਸਮੇਂ ਤੋਂ ਲਾਗੂ ਹੋਣਗੇ।
2. ਪੱਦਉੱਨਤ ਕਰਮਚਾਰੀਆਂ ਤੇ Punjab Elementary Education (Administrative Cadre) Group B, 2018 Service Rules ਲਾਗੂ ਹੋਣਗੇ ਅਤੇ ਸਮੇਂ ਸਮੇਂ ਤੇ ਸਰਕਾਰ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਵੀ ਲਾਗੂ ਹੋਣਗੀਆਂ।
3. ਉਕਤ ਕਰਮਚਾਰੀਆਂ ਦਾ ਪਰਖ ਕਾਲ ਸਮਾਂ ਇੱਕ ਸਾਲ ਦਾ ਹੋਵੇਗਾ। ਜੇਕਰ ਇਸ ਸਮੇਂ ਦੌਰਾਨ ਸਬੰਧਤ ਕਰਮਚਾਰੀ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਹੀਂ ਪਾਇਆ ਗਿਆ ਤਾਂ ਪਰਖਕਾਲ ਸਮੇਂ ਵਿੱਚ ਨਿਯਮਾਂ ਅਨੁਸਾਰ ਵਾਧਾ ਕਰ ਦਿੱਤਾ ਜਾਵੇਗਾ।
4. ਸਰਕਾਰ / ਵਿਭਾਗ ਵੱਲੋਂ ਪੱਦਉੱਨਤੀ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉੱਨਤ ਹੋਏ ਕਰਮਚਾਰੀਆਂ ਲਈ ਮੰਨਣਯੋਗ ਹੋਣਗੇ। ਜੇਕਰ ਉਕਤ ਕਰਮਚਾਰੀਆਂ ਤੋਂ ਕੋਈ ਸੀਨੀਅਰ ਕਰਮਚਾਰੀ ਸੀਨੀਆਰਤਾ ਦੇ ਸਬੰਧ ਵਿੱਚ ਅਪੀਲ ਕਰਦਾ ਹੈ ਅਤੇ ਉਸਦੇ ਤੱਥ ਸਹੀ ਪਾਏ ਜਾਂਦੇ ਹਨ ਤਾਂ ਬਿਨ੍ਹਾਂ ਕੋਈ ਨੋਟਿਸ ਦਿੱਤੇ ਪ੍ਰਭਾਵਿਤ ਕਰਮਚਾਰੀ ਨੂੰ ਉਸਦੀ ਪਿਛਲੀ ਅਸਾਮੀ ਤੇ ਪਰਤਾ ਦਿੱਤਾ ਜਾਵੇਗਾ।

-ਚਲਦਾ ਪੰਨਾ-2

5. ਮਾਨਯੋਗ ਹਾਈਕੋਰਟ ਵਿਖੇ ਸੀਨੀਆਰਤਾ ਨਾਲ ਸਬੰਧਤ ਸਿਵਲ ਰਿੱਟ ਪਟੀਸ਼ਨ ਨੰਬਰ 20670 ਆਫ 2020 ਦੇ ਫੈਸਲੇ ਮਿਤੀ 28.04.2021 ਵਿਰੁੱਧ ਪਟੀਸ਼ਨਰਾਂ ਵੱਲੋਂ ਦਾਇਰ ਕੀਤੀ ਗਈ ਐਲ.ਪੀ.ਏ. / ਸੀ.ਐਮ. ਅਤੇ ਵੱਖ-ਵੱਖ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲੇ ਇਨ੍ਹਾਂ ਹੁਕਮਾਂ ਤੇ ਲਾਗੂ ਹੋਣਗੇ।

6. ਉਕਤ ਪੱਦ-ਉੱਨਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਆਪਣੀ ਹਾਜ਼ਰੀ ਰਿਪੋਰਟ ਆਪਣੇ ਮੌਜੂਦਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਨੂੰ ਹੁਕਮ ਜਾਰੀ ਹੋਣ ਤੋਂ ਪੰਜ ਦਿਨ੍ਹਾਂ ਦੇ ਅੰਦਰ-ਅੰਦਰ ਪੇਸ਼ ਕਰਨਗੇ।

7. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਇਨ੍ਹਾਂ ਕਰਮਚਾਰੀਆਂ ਦੀਆਂ ਲੰਬਿਤ ਪੜਤਾਲ / ਰਾਖਵੀਂ ਸ਼੍ਰੇਣੀ ਨਾਲ ਸਬੰਧਤ ਹੋਣ ਸਬੰਧੀ ਸਾਰੇ ਦਸਤਾਵੇਜ ਅਤੇ ਹੋਰ ਸਾਰਾ ਰਿਕਾਰਡ Punjab State Elementary Education (Teaching Cadre) Group C, 2018 ਅਤੇ Punjab Elementary Education (Administrative Cadre) Group B, 2018 Service Rules ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਪੱਧਰ ਤੇ ਹਾਜ਼ਰ ਕਰਵਾਉਣ ਤੋਂ ਪਹਿਲਾਂ ਚੈਕ ਕਰਨਾ ਯਕੀਨੀ ਬਣਾਉਣਗੇ। ਕਰਮਚਾਰੀ ਵੱਲੋਂ ਤਰੱਕੀ ਲਈ ਪੇਸ਼ ਕੀਤੇ ਗਏ ਸਰਟੀਫਿਕੇਟ/ ਦਸਤਾਵੇਜ ਜੇਕਰ ਗਲਤ ਪਾਇਆ ਗਿਆ ਤਾਂ ਉਸ ਵਿਰੁੱਧ ਵਿਭਾਗੀ / ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜੇਕਰ ਕਿਸੇ ਕਰਮਚਾਰੀ ਵਿਰੁੱਧ ਕਿਸੇ ਕਿਸਮ ਦਾ ਕੋਈ ਵੀ ਗੰਭੀਰ ਮਾਮਲਾ / ਵਿਜੀਲੈਂਸ ਕੇਸ / ਫੌਜਦਾਰੀ ਮੁਕੱਦਮਾ ਅਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ ਨਿਯਮ 1970) ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਂ ਪੜਤਾਲ ਲੰਬਿਤ ਹੋਵੇ ਤਾਂ ਉਸ ਦਾ ਕੇਸ ਵਿਭਾਗ ਨੂੰ ਬੈਕ ਰੈਫਰ ਕੀਤਾ ਜਾਵੇ।

8. ਜੇਕਰ ਸਮਾਜਿਕ ਨਿਆਂ ਅਤੇ ਘੱਟ ਗਿਣਤੀ ਵਿਭਾਗ (ਭਲਾਈ ਵਿਭਾਗ) ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਰੋਸਟਰ ਨੁਕਤਿਆਂ ਦੇ ਸਬੰਧ ਵਿੱਚ ਕੋਈ ਵੀ ਪ੍ਰੇਖਣ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਲਿਆ ਗਿਆ ਫੈਸਲਾ ਇਨ੍ਹਾਂ ਹੁਕਮਾਂ ਤੇ ਲਾਗੂ ਹੋਵੇਗਾ।

9. ਇਨ੍ਹਾਂ ਹੁਕਮਾਂ ਦੇ ਜਾਰੀ ਹੋਣ ਉਪਰੰਤ ਕਰਮਚਾਰੀ 5 ਦਿਨ੍ਹਾਂ ਦੇ ਅੰਦਰ-ਅੰਦਰ ਆਪਣੇ ਮੌਜੂਦਾ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਵਿਖੇ ਹਾਜ਼ਰੀ ਰਿਪੋਰਟ ਪੇਸ਼ ਕਰਨਾ ਯਕੀਨੀ ਬਣਾਉਣਗੇ। ਜੇਕਰ ਕਰਮਚਾਰੀ ਮਿੱਥੇ ਸਮੇਂ ਦੇ ਅੰਦਰ-ਅੰਦਰ ਹਾਜ਼ਰ ਨਹੀ ਹੁੰਦਾ ਤਾਂ ਉਸ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਪੱਦ-ਉੱਨਤੀ ਤੋਂ ਦੋ ਸਾਲ ਲਈ ਡੀ-ਬਾਰ ਕਰ ਦਿੱਤਾ ਜਾਵੇਗਾ।

10. ਸਬੰਧਤ ਕਰਮਚਾਰੀ ਤਰੱਕੀ ਵਾਲੇ ਸਟੇਸ਼ਨ ਤੇ ਹਾਜ਼ਰ ਹੋਣ ਦੀ ਸੂਰਤ ਵਿੱਚ ਆਪਣਾ ਤਰੱਕੀ / ਸੇਵਾ ਰਿਕਾਰਡ ਦੇ ਸਬੰਧ ਵਿੱਚ ਡਾਟਾ ਈ-ਪੰਜਾਬ ਪੋਰਟਲ ਤੇ ਇਸ ਪੱਤਰ ਦੇ ਜਾਰੀ ਹੋਣ ਦੇ 5 ਦਿਨਾਂ ਦੇ ਅੰਦਰ-ਅੰਦਰ ਅਪਡੇਟ ਕਰਨਾ ਯਕੀਨੀ ਬਣਾਉਣਗੇ।

11. ਜੇਕਰ ਭਵਿੱਖ ਵਿੱਚ ਕਰਮਚਾਰੀ ਨਾਲ ਸਬੰਧਤ ਸੇਵਾ ਰਿਕਾਰਡ ਗਲਤ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਵਿਭਾਗੀ ਕਾਰਵਾਈ ਕਰਦੇ ਹੋਏ ਬਿਨ੍ਹਾਂ ਨੋਟਿਸ ਦਿੱਤੇ ਪਦ-ਉੱਨਤੀ ਦੇ ਹੁਕਮ ਰੱਦ ਕਰ ਦਿੱਤੇ ਜਾਣਗੇ।

12. ਸਬੰਧਤ ਜਿਲ੍ਹਾ ਸਿੱਖਿਆ ਅਫਸਰ ਇਹ ਯਕੀਨੀ ਬਣਾਉਣਗੇ ਕਿ ਪਿਛਲੇ ਦੋ ਸਾਲਾਂ ਵਿੱਚ ਕਰਮਚਾਰੀ ਡੀ-ਬਾਰ ਨਾ ਹੋਇਆ ਹੋਵੇ।

**ਮਿਤੀ: 10.04.2025**
**ਸਥਾਨ: ਚੰਡੀਗੜ੍ਹ**

**ਅਨਿੰਦਿਤਾ ਮਿੱਤਰਾ, ਆਈ.ਏ.ਐਸ.**
**ਸਕੱਤਰ ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

- ਬਾਕੀ ਪੰਨਾ - 3.

ਪਿੱਠ: ਅੰ: ਨੰ: I/1075256/2025(1) ਮਿਤੀ, ਚੰਡੀਗੜ੍ਹ: 11.04.2025

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ।
2. ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਐਸ.ਏ.ਐਸ. ਨਗਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਨੂੰ ਹਦਾਇਤ ਕੀਤੀ ਜਾਵੇ ਕਿ ਪਦ ਉਨੱਤ ਹੋਏ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀ ਹਾਜ਼ਰੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਉਸ ਦੀ ਸੰਕਲਿਤ ਸੂਚਨਾਂ ਤਿਆਰ ਕਰਕੇ ਸਰਕਾਰ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਦੇ ਸਨਮੁੱਖ ਪੰਜਾਬ ਦੇ ਸਮੂਹ ਜਿਲ੍ਹਿਆਂ ਵਿੱਚ ਸਿੱਖਿਆ ਬਲਾਕਾ ਦੇ ਖਾਲੀ ਸਟੇਸ਼ਨਾਂ ਸਬੰਧੀ ਸੂਚਨਾਂ ਸਰਕਾਰ ਨੂੰ ਅੱਜ ਹੀ ਭੇਜੀ ਜਾਵੇ।
3. ਸਬੰਧਤ ਜਿਲ੍ਹਾ ਖਜਾਨਾ ਅਫਸਰ।
4. ਇੰਚਾਰਜ (ਡਿਪਟੀ ਐਸ.ਪੀ.ਡੀ. ICT), ਐਮ.ਆਈ.ਐਸ. ਵਿੰਗ, ਡਾਇਰੈਕਟਰ ਜਨਰਲ ਸਕੂਲ ਸਿੱਖਿਆ ਐਸ.ਏ.ਐਸ. ਨਗਰ ਨੂੰ ਉਕਤ ਹੁਕਮਾਂ ਦੀ ਕਾਪੀ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕਰਨ ਹਿੱਤ ਭੇਜੀ ਜਾਂਦੀ ਹੈ।
5. ਸਬੰਧਤ ਅਧਿਕਾਰੀ ਨੂੰ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) (ਈਮੇਲ ਰਾਹੀਂ)।

ਸੁਪਰਡੰਟ 15/4/25

<u>ਅੰਦਰੂਨੀ ਵੰਡ:-</u>

I) ਨਿੱਜੀ ਸਕੱਤਰ / ਮਾਨਯੋਗ ਸਿੱਖਿਆ, ਮੰਤਰੀ ਪੰਜਾਬ।
II) ਨਿੱਜੀ ਸਕੱਤਰ / ਸਕੱਤਰ, ਸਕੂਲ ਸਿੱਖਿਆ, ਪੰਜਾਬ।
III) ਨਿੱਜੀ ਸਹਾਇਕ / ਸਕੱਤਰ ਸਕੂਲ ਸਿੱਖਿਆ (ਬੀ)।